# ਭਰਮ

## ਭਾਗ–1●

ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥ (ਪੰਨਾ–463)

ਗੁਰਬਾਣੀ ਦੀ ਉਪਰਲੀ ਪੰਗਤੀ ਅਨੁਸਾਰ ਅਕਾਲ ਪੁਰਖ ਨੇ ਇਹ ਮਾਇਆ ਦਾ 'ਵਡ–ਖੇਲ–ਤਮਾਸ਼ਾ' ਅਥਵਾ 'ਮਾਇਕੀ ਮੰਡਲ' ਦੀ ਰਚਨਾ ਸਾਜੀ ਅਤੇ ਆਪਣੇ 'ਆਪੇ' ਦਾ ਵਿਸਥਾਰ ਕੀਤਾ।

ਜਿਸ ਤਰ੍ਹਾਂ ਸੂਰਜ ਦਾ ਵਿਸਥਾਰ, ਉਸ ਵਿਚੋਂ ਨਿਕਲੀਆਂ ਕਿਰਨਾਂ ਦੁਆਰਾ ਹੁੰਦਾ ਹੈ। ਉਸੇ ਤਰ੍ਹਾਂ ਅਕਾਲ ਪੁਰਖ ਦੇ ਜੋਤ–ਸਰੂਪੀ 'ਆਪੇ' ਵਿਚੋਂ ਇਲਾਹੀ ਕਿਰਨਾਂ ਦਾ ਵਿਸਥਾਰ ਹੋਇਆ, ਜਿਸ ਨੂੰ 'ਸਬਦ', 'ਨਾਮ', 'ਹੁਕਮ' ਆਦਿ ਲਫ਼ਜ਼ਾਂ ਨਾਲ ਗੁਰਬਾਣੀ ਵਿਚ ਦਰਸਾਇਆ ਗਿਆ ਹੈ।

ਨਾਨਕ ਰਚਨਾ ਪ੍ਰਭਿ ਰਚੀ ਬਹੁ ਬਿਧਿ ਅਨਿਕ ਪ੍ਰਕਾਰ ॥ (ਪੰਨਾ–275)
ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ ॥ (ਪੰਨਾ–296)

ਮਾਇਕੀ 'ਵਡ–ਖੇਲ–ਤਮਾਸ਼ੇ' ਦੇ ਅਨੰਤ 'ਡਰਾਮੇ' ਦੀ ਪ੍ਰਕਿਰਤੀ ਅਤੇ ਪ੍ਰਵਿਰਤੀ ਲਈ 'ਸਬਦ' ਅਥਵਾ 'ਨਾਮ' ਦੀ ਰਚਨਾ ਹੋਈ। ਇਸ ਅਨੰਤ ਇਲਾਹੀ 'ਰਚਨਾ' ਅਥਵਾ 'ਡਰਾਮੇ' ਨੂੰ ਚਲਾਉਣ ਲਈ ਅਕਾਲ ਪੁਰਖ ਨੇ ਅਭੁਲ ਅਤੇ ਅਪਾਰ 'ਹੁਕਮ' ਰਚਿਆ।

ਇਸ ਤਰ੍ਹਾਂ ਅਸੀਂ 84 ਲੱਖ ਜੂਨਾਂ ਦੇ 'ਜੀਵ' ਇਸ 'ਗੁਪਤ', 'ਅਭੁਲ' ਅਤੇ 'ਅਟਲ' ਹੁਕਮ ਅਨੁਸਾਰ ਇਸ ਇਲਾਹੀ ਰਚਨਾ ਦੇ ਅਪਾਰ ਤੇ ਅਗੋਚਰ 'ਡਰਾਮੇ' ਦੇ ਹਿੱਸੇਦਾਰ ਹਾਂ।

ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ ॥
ਜੈਸਾ ਭੇਖੁ ਕਰਾਵੈ ਬਾਜੀਗੁਰੁ ਓਹੁ ਤੈਸੋ ਹੀ ਸਾਜੁ ਆਨੈ ॥ (ਪੰਨਾ–206)

ਇਸ ਕਾਇਨਾਤ ਦੇ ਸਾਰੇ ਜੀਵ 'ਭਰਮ' ਅਥਵਾ 'ਅਗਿਆਨਤਾ' ਦੇ 'ਅੰਧ ਗੁਬਾਰ' ਵਿਚ ਹੀ ਪ੍ਰਵਿਰਤ ਹਨ। ਇਸੇ ਭਰਮ–ਮਈ 'ਹਉਮੈ' ਵਿਚ ਹੀ ਜੀਵ—

ਸੋਚਦੇ ਹਨ
ਕਰਮ ਕਰਦੇ ਹਨ
ਨਤੀਜੇ ਭੁਗਤਦੇ ਹਨ
'ਧਰਮ' ਧਾਰਦੇ ਹਨ
ਭਜਨ-ਬੰਦਗੀ ਕਰਦੇ ਹਨ
ਜਪ-ਤਪ ਕਰਦੇ ਹਨ
ਦੁਖ-ਸੁਖ ਭੋਗਦੇ ਹਨ
ਆਵਾਗਵਨ ਦੇ ਚੱਕਰ ਵਿਚ ਪੈਂਦੇ ਹਨ।

ਜਹ ਆਪਿ ਰਚਿਓ ਪਰਪੰਚੁ ਅਕਾਰੁ॥ ਤਿਹੁ ਗੁਣ ਮਹਿ ਕੀਨੋ ਬਿਸਥਾਰੁ॥
ਪਾਪੁ ਪੁੰਨੁ ਤਹ ਭਈ ਕਹਾਵਤ॥ ਕੋਊ ਨਰਕ ਕੋਊ ਸੁਰਗ ਬੰਛਾਵਤ ॥
ਆਲ ਜਾਲ ਮਾਇਆ ਜੰਜਾਲ॥ ਹਉਮੈ ਮੋਹ ਭਰਮ ਭੈ ਭਾਰ ॥
ਦੂਖ ਸੂਖ ਮਾਨ ਅਪਮਾਨ॥ ਅਨਿਕ ਪ੍ਰਕਾਰ ਕੀਓ ਬਖ੍ਯ਼ਾਨ ॥
ਆਪਨ ਖੇਲੁ ਆਪਿ ਕਰਿ ਦੇਖੈ॥ ਖੇਲੁ ਸੰਕੋਚੈ ਤਉ ਨਾਨਕ ਏਕੈ ॥ (ਪੰਨਾ-292)

ਏਹ ਮਾਇਆ ਜਿਤੁ ਹਰਿ ਵਿਸਰੈ
ਮੋਹੁ ਉਪਜੈ ਭਾਉ ਦੂਜਾ ਲਾਇਆ ॥ (ਪੰਨਾ-921)

ਦੂਜੇ ਲਫ਼ਜ਼ਾਂ ਵਿਚ 'ਜੀਵ' ਦੀ ਹਉਂ-ਧਾਰੀ ਅਡੱਰੀ 'ਹਸਤੀ' ਏਸੇ ਅਗਿਆਨਤਾ ਦੇ 'ਭਰਮ-ਗੜ੍ਹ' ਵਿਚ ਪ੍ਰਵਿਰਤ ਹੋ ਕੇ ਆਵਾਗਵਨ ਦੇ ਗੇੜ ਵਿਚ ਪਈ ਰਹਿੰਦੀ ਹੈ।

ਭਰਮੇ ਆਵੈ ਭਰਮੇ ਜਾਇ॥
ਇਹੁ ਜਗੁ ਜਨਮਿਆ ਦੂਜੈ ਭਾਇ॥
ਮਨਮੁਖਿ ਨ ਚੇਤੈ ਆਵੈ ਜਾਇ॥ (ਪੰਨਾ-161)

ਦੂਜੈ ਭਾਇ ਪਰਪੰਚਿ ਲਾਗੇ ॥
ਆਵਹਿ ਜਾਵਹਿ ਮਰਹਿ ਅਭਾਗੇ ॥ (ਪੰਨਾ-842)

ਜਦ ਤਾਂਈ 'ਜੀਵ' ਦੂਜੈ ਭਾਉ ਅਥਵਾ 'ਹਉਮੈ ਦੇ ਭਰਮ' ਵਿਚ ਵਿਚਰਦਾ ਹੈ, ਉਹ ਅਕਾਲ ਪੁਰਖ ਦੀਆਂ ਆਤਮਿਕ ਮਿਹਰਾਂ, ਬਖਸ਼ਿਸ਼ਾਂ ਤੇ ਬਰਕਤਾਂ ਤੋਂ ਵਾਂਝਾ ਰਹਿੰਦਾ ਹੈ ਅਤੇ 'ਜੋ ਮੈ ਕੀਆ ਸੋ ਮੈ ਪਾਇਆ' ਦੇ ਅਟੱਲ ਅਸੂਲ ਅਨੁਸਾਰ ਆਪਣੇ ਕਰਮਾਂ ਦੁਆਰਾ ਦੁਖ-ਸੁਖ ਭੋਗਦਾ ਹੈ।

ਭਰਮੇ ਭੂਲਾ ਦੁਖੁ ਘਣੋ ਜਮੁ ਮਾਰਿ ਕਰੈ ਖੁਲਹਾਨੁ॥ (ਪੰਨਾ-21)

ਦੂਜੈ ਭਾਇ ਸਦਾ ਦੁਖੁ ਪਾਏ ਤ੍ਰੈ ਗੁਣ ਭਰਮਿ ਭੁਲਾਇਦਾ॥ (ਪੰਨਾ-1066)

ਇਸ ਤਰ੍ਹਾਂ 'ਪ੍ਰਕਿਰਤੀ' ਦੇ ਸਾਰਿਆਂ ਜੀਵਾਂ ਦਾ ਸਮੁੱਚਾ ਜੀਵਨ ਹੀ ਹਉਮੈ ਦੀ

ਅਗਿਆਨਤਾ ਦੇ 'ਅੰਧ ਗੁਬਾਰ' ਵਿਚ ਹੀ ਗੁਜ਼ਰਦਾ ਹੈ।

ਪਰ ਹੈਰਾਨੀ ਵਾਲੀ ਗੱਲ ਹੈ, ਕਿ ਅਸੀਂ ਉਪਰਲੀ ਅੱਟਲ ਸਚਾਈ ਨੂੰ ਵਿਚਾਰਨ, ਸਮਝਣ, ਚੀਨਣ ਅਤੇ ਮੰਨਣ ਲਈ ਕਦਾਚਿਤ ਤਿਆਰ ਨਹੀਂ ਅਤੇ ਲੋੜ ਭੀ ਨਹੀਂ ਭਾਸਦੀ।

ਆਪਣੀ ਐਸੀ ਅਗਿਆਨ-ਮਈ ਦਸ਼ਾ ਦੀ ਬਾਬਤ ਪਛੋਤਾਵਾ ਕਰਨਾ, ਤੌਬਾ ਕਰਨਾ, ਹੌਕਾ ਭਰਨਾ ਅਤੇ ਲਜਾਇਮਾਨ ਹੋਣਾ ਤਾਂ ਕਿਤੇ ਰਿਹਾ !!

ਇਸ 'ਦੂਜੇ ਭਾਉ' ਦੇ ਭਰਮ-ਮਈ ਜੀਵਨ ਨੂੰ—

ਸੁਧਾਰਨ

ਬਦਲਣ

ਉਲਟਾਉਣ

ਉਚੇਰਾ ਬਨਾਉਣ

ਲਈ ਕਦੇ ਖਿਆਲ ਭੀ ਨਹੀਂ ਆਇਆ !!!

ਇਸ ਦਾ ਕਾਰਣ ਇਹ ਹੈ, ਕਿ ਅਸੀਂ ਜਨਮਾਂ-ਜਨਮਾਂ ਤੋਂ 'ਕੂੜੇ ਭਰਮ ਗੜ੍ਹ' ਅਥਵਾ 'ਹਉਮੈ' ਵਿਚ ਹੀ ਜੰਮਦੇ-ਮਰਦੇ ਅਤੇ ਪ੍ਰਵਿਰਤ ਹੁੰਦੇ ਆਏ ਹਾਂ ਅਤੇ ਇਹ 'ਭਰਮ' ਸਾਡੀ 'ਪ੍ਰਕਿਰਤੀ' ਅਥਵਾ 'ਅੰਤਿਸ਼ਕਰਨ' ਦਾ ਅਨਿਖੜਵਾਂ ਅੰਗ ਅਥਵਾ 'ਜੀਵਨ-ਅਧਾਰ' ਯਾ 'ਜੀਵਨ-ਰੂਪ' ਹੀ ਬਣ ਗਿਆ ਹੈ।

ਹਉ ਵਿਚਿ ਆਇਆ ਹਉ ਵਿਚਿ ਗਇਆ ॥
ਹਉ ਵਿਚਿ ਜੰਮਿਆ ਹਉ ਵਿਚਿ ਮੁਆ ॥ (ਪੰਨਾ-466)

ਇਨਸਾਨ ਦੇ 'ਭਰਮ' ਦਾ ਕਾਰਣ ਅਥਵਾ ਅਧਾਰ, ਉਸ ਦੀ ਹਉਮੈ ਹੀ ਹੈ ਅਤੇ ਇਹ ਹਉਮੈ ਹੀ ਇਨਸਾਨ ਨੂੰ ਆਪਣੇ ਭਰਮ-ਭੁਲੇਖਿਆਂ ਦੀ ਗਲਤੀ ਮੰਨਣ ਤੋਂ ਹੋੜਦੀ ਹੈ। ਇਸੇ ਕਾਰਣ ਸਾਨੂੰ ਆਪਣੇ 'ਭਰਮ-ਮਈ ਜੀਵਨ' ਦੀ ਸੋਝੀ ਯਾ ਗਿਆਨ ਨਹੀਂ ਹੁੰਦਾ।

ਪਰੰਤੂ ਗੁਰਬਾਣੀ ਵਿਚ ਦਰਸਾਏ 'ਭਰਮ', 'ਅੰਧ ਗੁਬਾਰ' ਅਤੇ 'ਭਰਮ ਗੜ੍ਹ' ਨੂੰ ਅਸੀਂ ਆਪਣੇ ਉਤੇ ਘਟਾਉਣ ਲਈ ਤਿਆਰ ਨਹੀਂ ਅਥਵਾ ਅਹਿਸਾਸ ਹੀ ਨਹੀਂ ਕਰਦੇ।

ਆਪਣੀ ਭਰਮ ਮਈ ਅਗਿਆਨਤਾ ਨੂੰ ਨਾ ਮੰਨਣਾ ਅਥਵਾ ਅਹਿਸਾਸ ਨਾ ਕਰਨਾ ਹੀ, ਇਨਸਾਨ ਦਾ ਦੀਰਘ, ਮੁੱਢਲਾ ਅਤੇ ਮੌਹਲਿਕ—

ਭਰਮ-ਭੁਲੇਖਾ ਹੈ

ਆਪਣੇ ਆਪੇ ਨਾਲ ਧੋਖਾ ਹੈ
ਹਉਮੈ ਦੀ ਢੀਠਤਾਈ ਹੈ
ਭੋਲੇ ਭਾਇ ਪਾਖੰਡ ਹੈ,

ਜਿਸ ਦਾ ਨਤੀਜਾ ਗੁਰਬਾਣੀ ਵਿਚ ਇਉਂ ਦਰਸਾਇਆ ਗਿਆ ਹੈ—

ਬਜਰ ਕਪਾਟ ਕਾਇਆ ਗੜ੍ ਭੀਤਰਿ ਕੂੜੁ ਕੁਸਤੁ ਅਭਿਮਾਨੀ॥
ਭਰਮਿ ਭੂਲੇ ਨਦਰਿ ਨ ਆਵਨੀ ਮਨਮੁਖ ਅੰਧ ਅਗਿਆਨੀ॥ (ਪੰਨਾ-514)

ਅੰਧਾ ਜਗਤੁ ਅੰਧੁ ਵਰਤਾਰਾ ਬਾਝੁ ਗੁਰੂ ਗੁਬਾਰਾ॥ (ਪੰਨਾ-600)

ਸਗਲ ਜਨਮ ਭਰਮ ਹੀ ਭਰਮ ਖੋਇਓ ਨਹ ਅਸਥਿਰੁ ਮਤਿ ਪਾਈ ॥
ਬਿਖਿਆਸਕਤ ਰਹਿਓ ਨਿਸ ਬਾਸੁਰ ਨਹ ਛੂਟੀ ਅਧਮਾਈ ॥ (ਪੰਨਾ-632)

ਐਸੇ ਭਰਮਿ ਭੂ ਲੇ ਸੰਸਾਰਾ ॥
ਜਨਮੁ ਪਦਾਰਥੁ ਖੋਇ ਗਵਾਰਾ ॥ (ਪੰਨਾ-676)

ਕਲਿਜੁਗ ਮਹਿ ਘੋਰ ਅੰਧਾਰੁ ਹੈ ਮਨਮੁਖ ਰਾਹੁ ਨ ਕੋਇ ॥ (ਪੰਨਾ-1285)

ਉਪਰਲੀਆਂ ਪੰਗਤੀਆਂ ਤੋਂ ਸਪਸ਼ਟ ਹੈ ਕਿ ਇਹ 'ਭਰਮ' ਸਗਲ ਜਗਤ ਅਥਵਾ ਸੰਸਾਰ ਨੂੰ ਭੂਤ-ਪ੍ਰੇਤ ਵਾਂਗ ਚੰਬੜਿਆ ਹੋਇਆ ਹੈ। ਪਰ ਅਸੀਂ ਆਪਣੀ ਹਉਮੈ ਦੀ ਢੀਠਤਾਈ ਵਿਚ ਇਹ ਸਮਝੀ ਬੈਠੇ ਹਾਂ ਕਿ ਅਸੀਂ ਤਾਂ ਇਸ 'ਸਗਲ ਸੰਸਾਰ' ਅਥਵਾ 'ਸਭ ਜਗਤ' ਤੋਂ ਨਿਆਰੇ ਅਤੇ ਬਾਹਰ ਹਾਂ। ਇਸ ਲਈ ਇਹ 'ਭਰਮ' ਸਾਨੂੰ ਪੋਹ ਨਹੀਂ ਸਕਦਾ !!

ਪਰ ਸਚਾਈ ਤਾਂ ਇਹ ਹੈ ਕਿ ਸਾਰੀਆਂ ਜੂਨਾਂ ਅਤੇ ਅਸੀਂ ਭੀ ਇਸ 'ਭਰਮ ਗੜ੍' ਦੇ ਅਨ੍ਹੇਰ-ਖਾਤੇ ਵਿਚ ਗੋਤੇ ਖਾ ਰਹੇ ਹਾਂ ਅਤੇ ਇਸੇ ਵਿਚ ਡੱਕੇ-ਡੋਲੇ ਖਾਂਦੇ, ਪਲਚ-ਪਲਚ ਕੇ ਆਪਣਾ ਅਮੋਲਕ ਜੀਵਨ ਅਜਾਂਈ ਗਵਾ ਰਹੇ ਹਾਂ।

ਡੀਗਨ ਡੋਲਾ ਤਊ ਲਉ ਜਉ ਮਨ ਕੇ ਭਰਮਾ॥ (ਪੰਨਾ-400)

ਮਨਮੁਖੁ ਅੰਧੁ ਕਰੇ ਚਤੁਰਾਈ॥ ਭਾਣਾ ਨ ਮੰਨੇ ਬਹੁਤੁ ਦੁਖੁ ਪਾਈ॥
ਭਰਮੇ ਭੂਲਾ ਆਵੈ ਜਾਏ ਘਰੁ ਮਹਲੁ ਨ ਕਬਹੂ ਪਾਇਦਾ॥ (ਪੰਨਾ-1064)

ਐਸੇ ਮਾਨਸਿਕ ਭਰਮ ਵਿਚ ਗਲਤਾਨ ਹੋਏ ਜੀਵਾਂ ਨੂੰ ਗੁਰਬਾਣੀ ਵਿਚ ਮਨਮੁਖ ਕਿਹਾ ਗਿਆ ਹੈ—

ਭਰਮਿ ਭੁਲਾਣੇ ਸਿ ਮਨਮੁਖ ਕਹੀਅਹਿ ਨਾ ਉਰਵਾਰਿ ਨ ਪਾਰੇ॥ (ਪੰਨਾ-797)

ਅਨਲ ਵਾਉ ਭਰਮਿ ਭੁਲਾਈ॥ ਮਾਇਆ ਮੋਹਿ ਸੁਧਿ ਨ ਕਾਈ ॥
ਮਨਮੁਖ ਅੰਧੇ ਕਿਛੂ ਨ ਸੂਝੈ ਗੁਰਮਤਿ ਨਾਮੁ ਪ੍ਰਗਾਸੀ ਹੇ ॥ (ਪੰਨਾ-1048)

ਮਨਮੁਖਿ ਅੰਧੁਲੇ ਗੁਰਮਤਿ ਨ ਭਾਈ ॥
ਪਸੂ ਭਏ ਅਭਿਮਾਨੁ ਨ ਜਾਈ ॥ (ਪੰਨਾ-1190)

ਅਸੀਂ ਆਪਣੇ ਮਨ ਵਿਚ ਦਿਆਨਤਦਾਰੀ ਨਾਲ ਪੜਚੋਲ ਅਥਵਾ ਵਿਚਾਰ ਕਰਨੀ ਹੈ, ਕਿ ਅਸੀਂ ਇਨ੍ਹਾਂ ਮਨਮੁਖਾਂ ਦੀ ਸ਼ਰੇਣੀ ਵਿਚ ਤਾਂ ਨਹੀਂ ਆਉਂਦੇ ?

ਸਾਰਾ ਸੰਸਾਰ ਹੀ ਇਸ ਭਰਮ-ਮਈ ਦੂਜੈ ਭਾਉ ਵਿਚ ਬੇਅੰਤ ਜਨਮਾਂ ਤੋਂ 'ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ' ਵਿਚ ਪ੍ਰਵਿਰਤ ਹੋ ਕੇ ਆਪਣਾ ਅਮੋਲਕ ਜਨਮ ਅਜਾਈਂ ਗਵਾ ਰਿਹਾ ਹੈ।

ਹਉ ਹਉ ਕਰਤੀ ਸਭ ਮੁਈ ਸੰਪਉ ਕਿਸੈ ਨ ਨਾਲਿ ॥
ਦੂਜੈ ਭਾਇ ਦੁਖੁ ਪਾਇਆ ਸਭ ਜੋਹੀ ਜਮਕਾਲਿ ॥ (ਪੰਨਾ-84)

ਇਹੁ ਜਗੁ ਮਾਇਆ ਮੋਹਿ ਵਿਆਪਿਆ ਦੂਜੈ ਭਰਮਿ ਭੁਲਾਇ ॥ (ਪੰਨਾ-430)

ਇਹੁ ਜਗਤੁ ਮਮਤਾ ਮੁਆ ਜੀਵਣ ਕੀ ਬਿਧਿ ਨਾਹਿ ॥ (ਪੰਨਾ-508)

ਜਗਤੁ ਅਗਿਆਨੀ ਅੰਧੁ ਹੈ ਦੂਜੈ ਭਾਇ ਕਰਮ ਕਮਾਇ॥
ਦੂਜੈ ਭਾਇ ਜੇਤੇ ਕਰਮ ਕਰੇ ਦੁਖੁ ਲਗੈ ਤਨਿ ਧਾਇ॥ (ਪੰਨਾ-593)

ਸਾਧੋ ਇਹੁ ਜਗੁ ਭਰਮ ਭੁਲਾਨਾ॥
ਰਾਮ ਨਾਮ ਕਾ ਸਿਮਰਨੁ ਛੋਡਿਆ ਮਾਇਆ ਹਾਥਿ ਬਿਕਾਨਾ॥ (ਪੰਨਾ-685)

'ਜੀਵ' ਦੇ ਇਸ ਭਰਮ-ਮਈ ਜੀਵਨ ਬਾਬਤ ਆਦਿ ਤੋਂ ਹੀ ਗੁਰੂ, ਅਵਤਾਰ, ਭਗਤ, ਸੰਤ, ਮਹਾਂਪੁਰਖ ਤਾੜਨਾ ਕਰਦੇ ਆਏ ਹਨ ਅਤੇ ਇਸ ਤੋਂ ਬਚਣ ਅਤੇ 'ਕਲਿਆਣ' ਦਾ ਉਪਦੇਸ਼ ਭੀ ਦੇਂਦੇ ਆਏ ਹਨ।

ਪਰ ਹੈਰਾਨੀ ਵਾਲੀ ਗੱਲ ਹੈ ਕਿ ਇਸ ਭਰਮ-ਮਈ 'ਜਾਦੂ' ਦਾ ਇਤਨਾ ਤੀਬਰ ਅਤੇ ਗੂੜ੍ਹਾ 'ਅਸਰ' 'ਮਨੁਖਾ ਜੂਨੀ' ਉਤੇ ਵਰਤ ਰਿਹਾ ਹੈ ਕਿ—

ਗੁਰੂਆਂ ਅਵਤਾਰਾਂ ਦੇ ਉਪਦੇਸ਼
ਮਹਾਂਪੁਰਖਾਂ ਦੇ ਜੀਵਨ
ਬੇਅੰਤ ਧਰਮ ਪ੍ਰਚਾਰ ਦੇ ਹੁੰਦਿਆਂ
ਧਾਰਮਿਕ ਕਰਮ-ਕ੍ਰਿਆ ਕਰਦਿਆਂ
ਸਤ ਸੰਗਤ ਕਰਦਿਆਂ
ਪਾਠ-ਪੂਜਾ ਕਰਦਿਆਂ
ਫ਼ਿਲਾਸਫ਼ੀ ਘੋਟਦਿਆਂ
ਹਠ-ਧਰਮ ਦੇ ਕਸ਼ਟ ਭੋਗਦਿਆਂ
ਜੋਗ ਅਭਿਆਸ ਕਰਦਿਆਂ
ਸਮਾਧੀਆਂ ਵਿਚ ਜੁੜਦਿਆਂ
ਪੁੰਨ-ਦਾਨ ਕਰਦਿਆਂ
ਤੀਰਥ ਯਾਤ੍ਰਾ ਕਰਦਿਆਂ

ਭੀ ਮਨੁਖ ਨੂੰ ਆਪਣੀ ਭਰਮ-ਮਈ ਅਗਿਆਨਤਾ ਦੀ ਬਾਬਤ ਸੋਝੀ ਨਹੀਂ ਆਈ !!

ਇਸ ਤਰ੍ਹਾਂ ਇਨਸਾਨ ਆਪਣੀ 'ਹਉਮੈ ਦੀ ਢੀਠਤਾਈ' ਵਿਚ ਬੇਪ੍ਰਵਾਹ ਅਤੇ ਅਵੇਸਲਾ ਹੋ ਕੇ, ਆਪਣੀ ਪੁਰਾਣੀ ਮਾਇਕੀ ਭਰਮ-ਮਈ ਜੀਵਨ-ਰੋੜ੍ਹ ਵਿਚ ਬੇਤਿਹਾਸ਼ਾ ਰੁੜ੍ਹਿਆ ਜਾ ਰਿਹਾ ਹੈ।

ਬਲਕਿ ਇਸ 'ਭਰਮ ਗੜ੍ਹ' ਦੇ 'ਅੰਧ ਗੁਬਾਰ' ਵਿਚ ਵਿਚਰਦਿਆਂ ਹੋਇਆਂ ਆਪਣੀਆਂ ਮਾਇਕੀ ਪ੍ਰਾਪਤੀਆਂ ਅਤੇ ਦਿਮਾਗੀ ਗਿਆਨ ਦੇ ਅਧਾਰ ਤੇ ਆਪਣੇ ਆਪ—

ਭਲਾ-ਭਲੇਰਾ
ਗਿਆਨੀ-ਧਿਆਨੀ
ਮਹਾਂਪੁਰਖ
ਜੋਗੀ
ਜਪੀ-ਤਪੀ
ਸ੍ਰੀ 108

ਆਦਿ ਕੂੜੀਆਂ ਵਡਿਆਈਆਂ ਵਿਚ 'ਆਫ਼ਰਿਆ' ਫਿਰਦਾ ਹੈ !!

ਸਿਰਫ਼ 'ਇਨਸਾਨੀ ਜੂਨ' ਹੀ ਆਪਣੀ ਤੀਖਣ ਬੁੱਧੀ ਦੇ ਕਾਰਣ ਹਉਮੈ ਦੀ ਅਗਿਆਨਤਾ ਦੇ ਘੋਰ ਅੰਧਕਾਰ ਵਿਚ ਗਲਤਾਨ ਹੋ ਕੇ ਪਲਚ-ਪਲਚ ਕੇ ਦੁਖੀ ਹੋ ਰਹੀ ਹੈ। ਬਾਕੀ ਸਾਰੀਆਂ 84 ਲੱਖ ਜੂਨਾਂ ਆਪਣੇ ਕਰਤੇ ਅਕਾਲ ਪੁਰਖ ਦੇ 'ਹੁਕਮਿ ਰਜਾਈ ਚਲਣਾ' ਦੇ ਉਪਦੇਸ਼ ਨੂੰ ਅਨਜਾਣੇ ਹੀ ਕਮਾ ਰਹੀਆਂ ਹਨ ਅਤੇ ਆਪਣੇ ਸ਼ਹੁ ਸਾਗਰ ਵਲ ਅਭੋਲ ਹੀ 'ਰਿਸਕ' ਰਹੀਆਂ ਹਨ।

ਇਨਸਾਨੀ ਜੂਨ ਨੂੰ ਅਕਾਲ ਪੁਰਖ ਨੇ ਆਪਣੇ ਸਰੂਪ ਵਿਚ ਘੜ ਕੇ ਤੀਖਣ ਬੁੱਧੀ ਅਤੇ ਅਜ਼ਾਦੀ ਬਖਸ਼ੀ ਹੈ ਤਾਂ ਕਿ ਉਹ ਇਸ ਤੀਖਣ ਬੁੱਧੀ ਨਾਲ ਆਪਣੇ ਕਰਤੇ ਅਕਾਲ ਪੁਰਖ ਨੂੰ ਚੀਨ ਅਤੇ ਪਹਿਚਾਨ ਕੇ 'ਹੁਕਮ' ਨੂੰ ਬੁੱਝ ਕੇ, 'ਹੁਕਮਿ ਰਜਾਈ ਚਲਣਾ' ਦੇ ਉਪਦੇਸ਼ ਨੂੰ ਪੂਰਨ ਚੇਤਨਤਾ ਨਾਲ 'ਕਮਾ' ਸਕੇ।

ਪਰ ਇਨਸਾਨ ਆਪਣੀ ਹਉਮੈ ਵਿਚ ਮਾਇਕੀ ਚਮਤਕਾਰਾਂ ਅਥਵਾ 'ਵਡ-ਖੇਲ-ਤਮਾਸ਼ੇ' ਦੇ ਭੁਲਾਵੇ ਵਿਚ ਇਤਨਾ ਗਲਤਾਨ ਅਤੇ ਮਦਹੋਸ਼ ਹੋ ਚੁਕਿਆ ਹੈ, ਕਿ ਉਹ 'ਹੁਕਮੀ' ਅਤੇ ਉਸ ਦੇ 'ਹੁਕਮ' ਤੋਂ ਬਿਲਕੁਲ ਅਨਜਾਣ ਅਤੇ ਬੇਮੁਖ ਹੋ ਗਿਆ ਹੈ।

ਝੂਠੀ ਮਾਇਆ ਦੇਖਿ ਕੈ ਭੂਲਾ ਰੇ ਮਨਾ ॥ (ਪੰਨਾ-486)

ਆਸਾ ਭਰਮ ਬਿਕਾਰ ਮੋਹ ਇਨ ਮਹਿ ਲੋਭਾਨਾ ॥
ਝੂਠੁ ਸਮਗ੍ਰੀ ਮਨਿ ਵਸੀ ਪਾਰਬ੍ਰਹਮੁ ਨ ਜਾਨਾ ॥ (ਪੰਨਾ-815)

ਵਸਤੁ ਪਰਾਈ ਕਉ ਉਠਿ ਰੋਵੈ॥ ਕਰਮ ਧਰਮ ਸਗਲਾ ਈ ਖੋਵੈ ॥
ਹੁਕਮੁ ਨ ਬੂਝੈ ਆਵਣ ਜਾਣੇ॥ ਪਾਪ ਕਰੈ ਤਾ ਪਛੋਤਾਣੇ ॥ (ਪੰਨਾ-676)

ਇਸ ਤਰ੍ਹਾਂ ਅਕਾਲ ਪੁਰਖ ਅਤੇ ਉਸਦੇ ਹੁਕਮ ਨੂੰ 'ਭੁਲਣਾ' ਅਥਵਾ ਉਸ ਤੋਂ 'ਬੇਮੁਖ' ਹੋਣਾ ਹੀ ਇਨਸਾਨੀ ਜੂਨ ਦਾ ਮੁਢਲਾ ਅਤੇ ਦੀਰਘ ਭਰਮ-ਭੁਲੇਖਾ ਹੈ।

ਇਸ ਤਰ੍ਹਾਂ ਇਨਸਾਨੀ ਜੂਨ ਨੇ ਬਖਸ਼ੀ ਹੋਈ ਤੀਖਣ ਬੁੱਧੀ ਅਤੇ ਆਜ਼ਾਦੀ ਦਾ ਨਾਜ਼ਾਇਜ ਅਤੇ ਗਲਤ ਇਸਤੇਮਾਲ (misuse) ਕੀਤਾ ਹੈ—ਜਿਸ ਕਾਰਣ ਉਸ ਦਾ ਜੀਵਨ ਹਉਂਧਾਰੀ ਭਰਮ ਵਿਚ ਕਰਮ ਬਧ ਹੋ ਕੇ ਆਵਾਗਵਨ ਦੇ ਅਮੁਕਵੇਂ ਗੇੜ ਵਿਚ ਪੈ ਜਾਂਦਾ ਹੈ ਅਤੇ ਨਤੀਜੇ ਭੋਗਦਾ ਰਹਿੰਦਾ ਹੈ।

ਇਸ ਲੇਖ ਦੇ ਪਿਛਲਿਆਂ ਭਾਗਾਂ ਵਿਚ ਦਸਿਆ ਜਾ ਚੁਕਿਆ ਹੈ, ਕਿ 'ਰਬ' ਦੀ ਕਾਇਨਾਤ ਵਿਚ ਦੋ ਵਿਲੱਖਣ ਮੰਡਲ ਹਨ—

1. ਆਤਮਿਕ ਪ੍ਰਕਾਸ਼ ਦਾ ਸੱਚਾ ਮੰਡਲ ਅਥਵਾ 'ਸਚ ਖੰਡ'।

2. ਮਾਇਕੀ ਅੰਧਕਾਰ ਦਾ ਕੂੜਾ 'ਭਰਮ ਗੜ੍ਹ'।

ਆਤਮਿਕ ਮੰਡਲ ਤਾਂ ਅਨੁਭਵੀ ਦੇਸ਼ ਦਾ ਪ੍ਰਕਾਸ਼ ਮੰਡਲ ਹੈ, ਜਿਸ ਵਿਚ ਅਕਾਲ ਪੁਰਖ ਆਪ ਅਤੇ ਉਸ ਦੇ ਬਖਸ਼ੇ ਹੋਏ ਅਵਤਾਰ, ਗੁਰੂ, ਭਗਤ, ਸੇਵਕ, ਹਰਿਜਨ, ਗੁਰਮੁਖ, ਸਾਧ ਸੰਤ ਸੁਭਾਇਮਾਨ ਹਨ।

ਮਾਇਕੀ ਮੰਡਲ ਦੇ 'ਭਰਮ ਗੜ੍ਹ' ਦੀ ਆਪਣੀ ਕੋਈ ਹਸਤੀ ਨਹੀਂ ਹੈ, ਕਿਉਂਕਿ 'ਆਤਮ ਪ੍ਰਕਾਸ਼' ਅਥਵਾ 'ਨਾਮ' ਦੀ ਅਣਹੋਂਦ ਤੋਂ ਹੀ ਹਰ ਕਿਸਮ ਦੇ 'ਮਾਨਸਿਕ ਭਰਮ' ਉਪਜਦੇ ਹਨ, ਜਿਸ ਵਿਚ ਤ੍ਰੈ ਗੁਣੀ ਮਾਇਕੀ ਮੰਡਲ ਦੇ ਸਾਰੇ 'ਜੀਵ', ਸਣੇ ਇਨਸਾਨ ਦੇ ਪ੍ਰਵਿਰਤ ਹਨ।

ਦੂਜੇ ਲਫ਼ਜ਼ਾਂ ਵਿਚ ਇਸ ਭਰਮ-ਮਈ ਮਾਇਕੀ ਮੰਡਲ ਵਿਚ 84 ਲੱਖ ਜੂਨਾਂ ਤੋਂ ਇਲਾਵਾ ਦੇਵੀ-ਦੇਵਤੇ, ਜੋਗੀ, ਜਪੀ-ਤਪੀ-ਹਠੀ ਭੀ ਸ਼ਾਮਲ ਹਨ—

ਭਰਮੇ ਸੁਰਿ ਨਰ ਦੇਵੀ ਦੇਵਾ ॥
ਭਰਮੇ ਸਿਧ ਸਾਧਿਕ ਬ੍ਰਹਮੇਵਾ ॥
ਭਰਮਿ ਭਰਮਿ ਮਾਨੁਖ ਡਹਕਾਏ ॥
ਦੁਤਰ ਮਹਾ ਬਿਖਮ ਇਹ ਮਾਏ ॥ (ਪੰਨਾ-258)

ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ ਤ੍ਰਿਗੁਣਿ ਭਰਮਿ ਭੁਲਾਈ॥ (ਪੰਨਾ-909)

ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਭੁਲੇ ਹਉਮੈ ਮੋਹੁ ਵਧਾਇਆ॥
ਪੰਡਿਤ ਪੜਿ ਪੜਿ ਮੋਨੀ ਭੁਲੇ ਦੂਜੈ ਭਾਇ ਚਿਤੁ ਲਾਇਆ॥

ਜੋਗੀ ਜੰਗਮ ਸੰਨਿਆਸੀ ਭੁਲੇ ਵਿਣੁ ਗੁਰ ਤਤੁ ਨ ਪਾਇਆ॥ (ਪੰਨਾ-852)

ਉਪਰਲੀ ਵਿਚਾਰ ਦਾ ਨਿਚੋੜ ਇਹ ਨਿਕਲਦਾ ਹੈ ਕਿ ਤ੍ਰੈ ਗੁਣੀ ਮਾਇਕੀ ਮੰਡਲ ਵਿਚ ਵਿਚਰਨ ਅਤੇ ਪ੍ਰਵਿਰਤ ਹੋਣ ਵਾਲੇ 'ਜੀਵ', 'ਇਨਸਾਨ' ਅਤੇ 'ਦੇਵੀ-ਦੇਵਤੇ' ਸਮੁੱਚੇ ਤੌਰ ਤੇ ਮਾਇਕੀ ਭਰਮ ਗੜ੍ਹ ਦੇ ਵਾਸੀ ਹਨ ਅਤੇ ਇਸ ਵਿਚ ਹੀ ਪਲਚ-ਪਲਚ ਕੇ ਆਪਣਾ ਜੀਵਨ ਅਜਾਂਈ ਗਵਾ ਰਹੇ ਹਨ।

ਪਰ ਬੜੀ ਅਨੋਖੀ ਗੱਲ ਤਾਂ ਇਹ ਹੈ ਕਿ ਇਤਨੀ ਤੀਖਣ ਬੁੱਧੀ ਦੇ ਹੁੰਦਿਆਂ ਭੀ ਮਨੁਖਾ ਜੂਨੀ ਨੂੰ ਆਪਣੇ 'ਭਰਮ-ਮਈ-ਜੀਵਨ' ਦੀ ਸੋਝੀ ਨਹੀਂ ਹੋਈ।

ਸਾਡੇ ਵਿਚੋਂ ਕੋਈ ਭੀ ਇਹ ਮੰਨਣ ਨੂੰ ਤਿਆਰ ਨਹੀਂ ਹੈ ਕਿ ਅਸੀਂ 'ਭਰਮ-ਗੜ੍ਹ' ਦੇ 'ਕੂੜੇ ਮੰਡਲ' ਵਿਚ ਗਲਤਾਨ ਹਾਂ, ਬਲਕਿ ਇਸੇ ਭਰਮ-ਮਈ ਅੰਧ ਗੁਬਾਰ ਦੇ 'ਕੂੜੇ ਭਰਵਾਸੇ' ਹੀ ਆਪਣਾ ਜੀਵਨ ਅਜਾਂਈ ਗਵਾ ਰਹੇ ਹਾਂ ਅਤੇ ਗੁਰੂਆਂ, ਮਹਾਂਪੁਰਖਾਂ, ਸੰਤਾਂ, ਭਗਤਾਂ ਦੇ ਉਪਦੇਸ਼ਾਂ ਨੂੰ 'ਛਿਕੇ ਟੰਗ' ਕੇ ਆਪਣੀ ਕੂੜੀ ਅਤੇ ਫੋਕੀ ਸਿਆਣਪ ਉਤੇ ਆਫਰੇ ਫਿਰਦੇ ਹਾਂ।

ਜਦ ਅਸੀਂ ਹਉਮੈ, ਦੂਜਾ ਭਾਉ, ਭਰਮ, ਭਰਮ ਗੜ੍ਹ, ਅਗਿਆਨਤਾ ਅਤੇ ਅੰਧ ਗੁਬਾਰ, ਆਦਿ ਲਫ਼ਜ਼ ਪੜ੍ਹਦੇ ਜਾਂ ਸੁਣਦੇ ਹਾਂ, ਤਾਂ ਸਾਨੂੰ ਇਹ ਨਿਸਚਾ ਹੁੰਦਾ ਹੈ ਕਿ ਇਹ ਲਫ਼ਜ਼ ਸਾਡੇ ਉਤੇ ਨਹੀਂ ਘਟਦੇ ਕਿਉਂਕਿ ਅਸੀਂ ਤਾਂ ਬੜੇ—

ਸਿਆਣੇ
ਗਿਆਨੀ
ਧਿਆਨੀ
ਵਿਦਵਾਨ
ਵਿਗਿਆਨੀ
ਫਿਲਾਸਫ਼ਰ
ਅਫ਼ਲਾਤੂਨ
ਆਧੁਨਿਕ (modern)
ਸਭਿਅ (civilized)

ਹਾਂ !! ਇਹ ਲਫ਼ਜ਼ ਤਾਂ ਹੋਰ ਕਿਸੇ—

ਅਨਪੜ੍ਹ
ਅਗਿਆਨੀ
ਮੂਰਖ
ਪਛੜੇ ਹੋਏ

ਮਨੁੱਖਾਂ ਲਈ ਉਚਰੇ ਹੋਣਗੇ।

ਇਸ ਤਰ੍ਹਾਂ ਸਾਡਾ 'ਪਾਖੰਡ' ਅਥਵਾ 'ਹਉਮੈ ਦੀ ਢੀਠਤਾਈ' ਉਘੜਦੀ ਹੈ ਅਤੇ ਸਾਡੀ ਦਿਮਾਗੀ ਸਿਆਣਪ, ਗਿਆਨ, ਵਡਿਆਈ ਅਤੇ ਭਲੀ-ਭਲੇਰੀ ਕੂੜੀ ਹਸਤੀ ਨੂੰ ਠੇਸ ਲਗਦੀ ਹੈ।

ਜੇਕਰ ਸਾਡੇ ਮਨ ਉਤੇ ਇਹਨਾਂ ਅਖੱਰਾਂ ਦਾ ਕੋਈ ਅਸਰ ਹੁੰਦਾ ਭੀ ਹੈ, ਤਾਂ ਉਹ ਭੀ 'ਓਪਰਾ ਜਿਹਾ'—ਜੋ ਛੇਤੀ ਹੀ ਛਾਂਈ-ਮਾਂਈ ਹੋ ਜਾਂਦਾ ਹੈ ਅਤੇ ਅਸੀਂ ਫੇਰ ਆਪਣੇ ਦ੍ਰਿੜ੍ਹ ਹੋਏ 'ਹਉਮੈ' ਦੇ 'ਭਰਮ-ਮਈ' ਜੀਵਨ ਦੀ ਰਵਾਨਗੀ ਵਿਚ ਰੁੜ੍ਹ ਪੈਂਦੇ ਹਾਂ।

ਗੁਰਬਾਣੀ ਵਿਚ ਦਰਸਾਈ ਭਰਮ-ਮਈ ਅਗਿਆਨਤਾ ਦੀ ਬਾਬਤ ਗਿਆਨ ਘੋਟਣ ਨੂੰ ਹੀ ਦਿਮਾਗੀ ਸ਼ੁਗਲ ਬਣਾ ਛਡਿਆ ਹੈ, ਕਿਉਂਕਿ ਸਾਨੂੰ ਇਹਨਾਂ ਉਪਦੇਸ਼ਾਂ ਦੀ ਸਚਾਈ ਉਤੇ ਪੂਰਨ ਨਿਸਚਾ ਨਹੀਂ ਹੁੰਦਾ, ਸਿਰਫ਼ ਓਪਰੇ ਜਿਹੇ ਮਨ ਨਾਲ ਹੀ 'ਹਾਮੀ' ਭਰਦੇ ਹਾਂ। ਇਸ ਤਰ੍ਹਾਂ ਅਸੀਂ ਆਪਣੇ 'ਆਪੇ' ਨਾਲ ਧੋਖਾ ਕਰਦੇ ਹਾਂ।

ਪਰੰਤੂ ਇਹ ਹਉਮੈ-ਰੂਪੀ ਭਰਮ 'ਭੂਤ-ਪ੍ਰੇਤ' ਵਾਂਗ ਜੀਵ ਨੂੰ ਐਸਾ ਚੰਬੜਿਆ ਹੋਇਆ ਹੈ, ਕਿ ਸਾਡੇ ਜੀਵਨ ਦੇ ਹਰ ਪਖ ਵਿਚ, ਆਪਣੀ 'ਰੰਗਤ' ਅਥਵਾ 'ਭਾਅ' ਦਾ ਅਸਰ—

ਬੈਠਦਿਆਂ
ਉਠਦਿਆਂ
ਜਾਗਦਿਆਂ
ਸੁਤਿਆਂ

ਅਥਵਾ ਹਰ ਪਲ ਸਮੁੱਚੇ ਜੀਵਨ ਉਤੇ ਛਾਇਆ ਰਹਿੰਦਾ ਹੈ।

ਉਪਰਲੀਆਂ ਵਿਚਾਰਾਂ ਤੋਂ ਸਪਸ਼ਟ ਹੈ ਕਿ ਸਾਡੇ ਭਰਮ ਦਾ 'ਮੁਢ' ਯਾ 'ਬੀਜ' ਸਾਡੀ ਹਉਮੈ ਦੀ ਭਾਵਨਾ ਹੀ ਹੈ, ਜੋ ਸਾਡੀ ਮੈਂ-ਮੇਰੀ ਰਾਹੀਂ ਪ੍ਰਗਟ ਅਤੇ ਪ੍ਰਵਿਰਤ ਹੋ ਰਹੀ ਹੈ।

ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ ॥
ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥ (ਪੰਨਾ-560)

ਹਉਮੈ ਮੇਰਾ ਭਰਮੈ ਸੰਸਾਰੁ॥ (ਪੰਨਾ-841)

ਸਾਡਾ ਇਹ ਮਾਨਸਿਕ 'ਭਰਮ' ਆਤਮਿਕ ਪ੍ਰਕਾਸ਼ ਦੀ ਅਣਹੋਂਦ ਤੋਂ ਉਪਜਦਾ ਅਤੇ ਪ੍ਰਵਿਰਤ ਹੁੰਦਾ ਹੈ।

ਜਿਤਨਾ ਚਿਰ ਰੋਸ਼ਨੀ ਨਾ ਆਵੇ ਉਤਨਾ ਚਿਰ ਹਨੇਰੇ ਦੇ ਭਰਮ ਦਾ ਹੀ ਬੋਲਬਾਲਾ ਤੇ ਵਰਤ-ਵਰਤਾਰਾ ਰਹਿੰਦਾ ਹੈ।

ਇਸੇ ਤਰ੍ਹਾਂ 'ਆਤਮਿਕ ਪ੍ਰਕਾਸ਼' ਅਥਵਾ 'ਨਾਮ' ਦੇ ਪ੍ਰਜ੍ਵਲਿਤ ਹੋਣ ਤੋਂ ਬਗੈਰ ਸਾਡਾ ਹਉਮੈ ਰੂਪੀ 'ਭਰਮ' ਕਦਾਚਿਤ ਦੂਰ ਨਹੀਂ ਹੋ ਸਕਦਾ।

ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥ (ਪੰਨਾ-684)

ਬਿਨੁ ਨਾਵੈ ਸਭਿ ਭਰਮਹਿ ਕਾਚੇ ॥ (ਪੰਨਾ-842)

ਬਿਨੁ ਨਾਵੈ ਭ੍ਰਮਿ ਭ੍ਰਮਿ ਭ੍ਰਮਿ ਖਪਿਆ ॥ (ਪੰਨਾ-1140)

ਪਰਵਿਰਤਿ ਮਾਰਗੁ ਜੇਤਾ ਕਿਛੁ ਹੋਈਐ ਤੇਤਾ ਲੋਗ ਪਚਾਰਾ ॥
ਜਉ ਲਉ ਰਿਦੈ ਨਹੀ ਪਰਗਾਸਾ ਤਉ ਲਉ ਅੰਧ ਅੰਧਾਰਾ ॥ (ਪੰਨਾ-1205)

ਇਸ ਭਰਮ ਦੀ ਕੋਈ ਅਸਥੂਲ ਹਸਤੀ ਨਹੀਂ—ਬਲਕਿ ਇਹ ਹਉਮੈ-ਰੂਪੀ 'ਭਰਮ' ਤਾਂ ਸਾਡੇ ਮਨ ਦੇ—

ਖਿਆਲਾਂ
ਨਿਸਚਿਆਂ
ਵਲਵਲਿਆਂ
ਭਾਵਨਾਵਾਂ

ਦੀ 'ਰੰਗਤ' ਅਥਵਾ 'ਭਾਅ' ਹੈ, ਜੋ ਸਾਡੇ ਅੰਤ੍ਰਗਤ—ਮਨ, ਬੁੱਧੀ ਚਿੱਤ ਅਤੇ ਅੰਤਿਸ਼ਕਰਨ ਵਿਚ ਜਨਮਾਂ-ਜਨਮਾਂ ਤੋਂ ਦ੍ਰਿੜ੍ਹ ਹੋ ਚੁਕਿਆ ਹੈ।

ਅਨਿਕ ਜਨਮ ਬੀਤੀਅਨ ਭਰਮਾਈ ॥
ਘਰਿ ਵਾਸੁ ਨ ਦੇਵੈ ਦੁਤਰ ਮਾਈ ॥
ਦਿਨੁ ਰੈਨਿ ਅਪਨਾ ਕੀਆ ਪਾਈ ॥
ਕਿਸੁ ਦੋਸੁ ਨ ਦੀਜੈ ਕਿਰਤੁ ਭਵਾਈ ॥ (ਪੰਨਾ-745)

'ਹਨੇਰਾ', ਆਪਣੇ ਅੰਧਕਾਰ ਨੂੰ ਖ਼ੁਦ ਦੂਰ ਨਹੀਂ ਕਰ ਸਕਦਾ। ਇਸੇ ਤਰ੍ਹਾਂ ਜੀਵ ਦੀ ਜਨਮਾਂ-ਜਨਮਾਂ ਤੋਂ ਦ੍ਰਿੜ੍ਹ ਹੋਈ ਭਰਮ-ਮਈ ਅਗਿਆਨਤਾ ਨੂੰ ਸਾਡੇ 'ਹਉਮੈ ਦੀ ਭਾਵਨਾ' ਅਥਵਾ 'ਦੂਜੇ ਭਾਉ' ਵਿਚ ਕੀਤੇ—

ਕਰਮ-ਧਰਮ
ਪਾਠ-ਪੂਜਾ
ਜਪ-ਤਪ
ਪੁੰਨ-ਦਾਨ
ਨੇਕੀਆਂ-ਪਰਉਪਕਾਰ

ਆਦਿ ਸਾਡੇ ਮਾਨਸਿਕ ਅੰਧ ਗੁਬਾਰ ਅਥਵਾ 'ਭਰਮ ਗੜ੍ਹ' ਨੂੰ ਤੋੜ ਨਹੀਂ ਸਕਦੇ।

ਅਨਿਕ ਜਤਨ ਨਿਗ੍ਰਹ ਕੀਏ ਟਾਰੀ ਨ ਟਰੈ ਭ੍ਰਮ ਫਾਸ ॥ (ਪੰਨਾ-346)

ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥ (ਪੰਨਾ-641)

ਅਨਿਕ ਜਤਨ ਗਵਨੁ ਕਰਉ ॥
ਖਟੁ ਕਰਮ ਜੁਗਤਿ ਧਿਆਨੁ ਧਰਉ ॥

ਉਪਾਵ ਸਗਲ ਕਰਿ ਹਾਰਿਓ ਨਹ ਨਹ ਹੁਟਹਿ ਬਿਕਰਾਲ ॥ (ਪੰਨਾ–1119)

ਇਹ ਹਉਂ–ਧਾਰੀ ਨੇਕੀਆਂ ਅਤੇ ਕਰਮ ਕਾਂਡ, ਤ੍ਰੈ–ਗੁਣੀ ਮਾਇਕੀ ਮੰਡਲ ਦੇ 'ਭਰਮ–ਗੜ੍ਹ' ਦੇ 'ਕਰਤਵ' ਹਨ ਅਤੇ ਇਹ ਸਾਡੀ ਸੀਮਤ ਬੁੱਧੀ ਦੇ ਦਾਇਰੇ ਵਿਚ ਹੀ ਹਨ।

ਇਹ ਹਉਮੈ ਵਾਲੀ 'ਭਾਵਨਾ' ਨਾਲ ਕੀਤੇ ਕਰਮਾਂ ਦੀ 'ਅਧਿਆਤਮਿਕ ਮੰਡਲ' ਤਾਂਈ ਪਹੁੰਚ ਨਹੀਂ ਹੈ—

ਕੋਟਿ ਕਰਮ ਕਰੈ ਹਉ ਧਾਰੇ॥ ਸ੍ਰਮੁ ਪਾਵੈ ਸਗਲੇ ਬਿਰਥਾਰੇ ॥
ਅਨਿਕ ਤਪਸਿਆ ਕਰੇ ਅਹੰਕਾਰ॥ ਨਰਕ ਸੁਰਗ ਫਿਰਿ ਫਿਰਿ ਅਵਤਾਰ॥
ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ ॥
ਹਰਿ ਦਰਗਹ ਕਹੁ ਕੈਸੇ ਗਵੈ॥ (ਪੰਨਾ–278)

ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ ॥
ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ ॥ (ਪੰ.–642)

ਜੇਤੇ ਰੇ ਤੀਰਥ ਨਾਏ ਅਹੰਬੁਧਿ ਮੈਲੁ ਲਾਏ
ਘਰ ਕੋ ਠਾਕੁਰੁ ਇਕੁ ਤਿਲੁ ਨ ਮਾਨੈ ॥ (ਪੰਨਾ–687)

ਤੀਰਥ ਬਰਤ ਅਰੁ ਦਾਨੁ ਕਰਿ ਮਨ ਮੈ ਧਰੈ ਗੁਮਾਨੁ ॥
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥ (ਪੰਨਾ–1428)

ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ ॥
ਕੋਟਿ ਕਰਮ ਕਰਤੋ ਨਰਕਿ ਜਾਵੈ ॥ (ਪੰਨਾ–240)

ਇਹ ਭਰਮ–ਗੜ੍ਹ ਦਾ 'ਵਡ–ਖੇਲ–ਤਮਾਸਾ' ਅਥਵਾ ਤ੍ਰੈ ਗੁਣੀ ਮਾਇਕੀ ਮੰਡਲ ਕੋਈ ਅਸਥੂਲ ਟਾਪੂ, ਦੇਸ਼, ਗ੍ਰਹਿ ਆਦਿ ਨਹੀਂ ਹੈ।

ਇਸ ਦੀ 'ਹੋਂਦ' ਤਾਂ ਸਾਡੇ—

ਖਿਆਲਾਂ
ਵਲਵਲਿਆਂ
ਨਿਸ਼ਚਿਆਂ
ਭਾਵਨਾਵਾਂ
ਮਨ
ਬੁੱਧੀ
ਅੰਤਿਸ਼ਕਰਨ

ਅਥਵਾ ਸਾਡੀ ਸੂਖਮ ਮਾਨਸਿਕ ਅਵਸਥਾ ਦਾ ਵਿਸ਼ਾ ਹੈ।

ਇਸ ਲਈ ਭਰਮ–ਗੜ੍ਹ ਦੀ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਨ ਲਈ ਸਾਨੂੰ ਆਪਣੇ ਖਿਆਲਾਂ, ਭਾਵਨਾਵਾਂ, ਨਿਸਚਿਆਂ ਨੂੰ ਬਦਲਣਾ ਪਵੇਗਾ।

ਇਹ ਤਬਦੀਲੀ ਸਿਰਫ਼ ਉਚੀ-ਸੁਚੀ 'ਸਾਧ ਸੰਗਤ' ਵਿਚ ਵਿਚਰਦਿਆਂ ਹੋਇਆਂ 'ਸਿਮਰਨ' ਦੁਆਰਾ ਹੀ ਹੋ ਸਕਦੀ ਹੈ—

ਹਰਿ ਸਿਮਰਤ ਪੂਰਨ ਪਦੁ ਪਾਇਆ ॥
ਸਾਧਸੰਗਿ ਭੈ ਭਰਮ ਮਿਟਾਇਆ ॥ (ਪੰਨਾ-193)

ਸਾਧਸੰਗਿ ਮਿਟੇ ਭਰਮ ਅੰਧਾਰੇ ॥
ਨਾਨਕ ਮੇਲੀ ਸਿਰਜਣਹਾਰੇ ॥ (ਪੰਨਾ-389)

ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ ॥
ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ
ਤਿਹ ਮਿਲੰਤ ਜਮ ਤ੍ਰਾਸ ਮਿਟਾਈ ॥ (ਪੰਨਾ-1406)

ਖੱਟੇ ਬੇਰਾਂ ਦੀ ਬੇਰੀ ਨੂੰ ਜੇ ਮਿੱਠੇ ਬੇਰਾਂ ਵਾਲੀ 'ਪਿਉਂਦ' ਚਾੜ੍ਹ ਦੇਈਏ, ਤਾਂ ਉਸ ਦੇ ਬੇਰ ਭੀ 'ਮਿੱਠੇ' ਹੋ ਜਾਂਦੇ ਹਨ।

ਏਸੇ ਤਰ੍ਹਾਂ ਭਰਮ-ਮਈ ਅਗਿਆਨੀ ਮਨ ਨੂੰ ਜੇ ਸੱਚੀ-ਸੁੱਚੀ ਆਤਮਿਕ 'ਸਾਧ ਸੰਗਤ' ਦੀ 'ਪਿਉਂਦ' ਚਾੜ੍ਹੀ ਜਾਵੇ, ਤਾਂ ਉਹ ਮਨ 'ਉਨਮਨ' ਹੋ ਜਾਵੇਗਾ।

ਇਸ ਤਰ੍ਹਾਂ ਸਾਡੇ ਮਨ, ਬੁੱਧੀ ਅਤੇ ਅੰਤਿਸ਼ਕਰਨ ਉਤੇ 'ਸਾਧ ਸੰਗਤ' ਦੁਆਰਾ ਅੱਧਿਆਤਮਿਕ ਗਿਆਨ ਦੀ 'ਪਿਉਂਦ' ਚੜ੍ਹਨ ਤੇ 'ਮਨ'—'ਉਨਮਨ' ਹੋ ਜਾਂਦਾ ਹੈ ਅਥਵਾ ਮਨਮੁਖ ਤੋਂ ਗੁਰਮੁਖ ਹੋ ਜਾਂਦਾ ਹੈ ਅਤੇ ਗੁਰਮੁਖ ਤੋਂ ਬ੍ਰਹਮ ਗਿਆਨੀ ਬਣ ਜਾਂਦਾ ਹੈ।

ਜਿਸ ਤਰ੍ਹਾਂ ਸੂਰਜ ਦੇ ਪ੍ਰਗਟ ਹੋਣ ਤੋਂ ਪਹਿਲਾਂ 'ਪਹੁ-ਫੁਟਦੀ' ਹੈ ਅਤੇ ਮੱਧਮ ਜੇਹੀ ਰੋਸ਼ਨੀ ਹੋ ਜਾਂਦੀ ਹੈ—ਉਸੇ ਤਰ੍ਹਾਂ ਅੰਤ੍ਰਗਤ 'ਪਹੁ-ਫੁਟਾਲੇ' ਦੀ 'ਆਤਮਿਕ ਰੋਸ਼ਨੀ' ਵਿਚ ਸਾਡਾ ਮਨ-ਬੁੱਧੀ-ਚਿੱਤ 'ਆਤਮ-ਪ੍ਰਾਇਣ' ਹੋ ਕੇ ਵਿਗਸਤ ਅਤੇ ਪ੍ਰਕਾਸ਼ਤ ਹੁੰਦਾ ਜਾਵੇ ਗਾ।

ਇਸ ਤਰ੍ਹਾਂ ਸਹਿਜੇ-ਸਹਿਜੇ ਸਾਡੀ—

ਹਉਮੈ ਦੀ 'ਭਾਵਨਾ'
ਦੂਜੇ ਭਾਉ ਦਾ ਨਿਸਚਾ
ਮਾਨਸਿਕ ਅਗਿਆਨਤਾ
ਅਗਿਆਨਤਾ ਦਾ ਭਰਮ
ਭਰਮ ਦਾ ਅੰਧ ਗੁਬਾਰ
ਅੰਧ ਗੁਬਾਰ ਦੇ ਭਰਮ-ਭੁਲੇਖੇ

ਦੇ 'ਛੌੜ' ਘਟਦੇ ਅਤੇ ਪਤਲੇ ਹੁੰਦੇ ਜਾਣਗੇ।

ਇਸ ਤਰ੍ਹਾਂ ਦਾਮਨਿਕ ਅਧਿਆਤਮਿਕ 'ਪਿਉਂਦ' ਦੇ ਅਸਰ ਹੇਠ ਸਾਡੇ 'ਉਨਮਨ' ਦੇ

ਅਨੁਭਵ ਵਿਚ ਆਤਮਿਕ ਪ੍ਰਕਾਸ਼ ਦੇ ਝਲਕਾਰੇ ਵਜਣਗੇ ਅਤੇ ਕਿਸੇ ਭਾਗਾਂ ਭਰੇ 'ਖਿਨ' ਵਿਚ ਗੁਰਪ੍ਰਸਾਦਿ ਦੁਆਰਾ—

ਆਤਮਿਕ ਪ੍ਰਕਾਸ਼ ਹੋਵੇਗਾ
'ਸ਼ਬਦ' ਦਾ ਪ੍ਰਕਾਸ਼ ਹੋਵੇਗਾ
'ਨਾਮ' ਪ੍ਰਜ੍ਵਲਿਤ ਹੋਵੇਗਾ
ਗੋਬਿੰਦ 'ਗੱਜ' ਪਵੇਗਾ।

ਹਮਰਾ ਭਰਮੁ ਗਇਆ ਭਉ ਭਾਗਾ॥
ਜਬ ਰਾਮ ਨਾਮ ਚਿਤੁ ਲਾਗਾ॥ (ਪੰਨਾ-655)

ਜਿਸ ਤਰ੍ਹਾਂ ਖੱਟੇ ਬੇਰਾਂ ਵਾਲੀ 'ਬੇਰੀ'—ਮਿੱਠੇ ਬੇਰਾਂ ਵਾਲੀ ਬੇਰੀ ਨਾਲ ਸੰਗਤ ਕਰਕੇ, ਆਪ ਭੀ ਮਿੱਠੀ ਹੋ ਜਾਂਦੀ ਹੈ, ਉਸੇ ਤਰ੍ਹਾਂ 'ਮਨਮੁਖ' ਦਾ ਮਨ—'ਗੁਰਮੁਖ' ਦੇ ਉਨਮਨ ਨਾਲ 'ਪਰਸ' ਕੇ ਅਥਵਾ ਸੰਗਤ ਕਰਕੇ ਖੁਦ 'ਉਨਮਨ' ਅਥਵਾ ਉਚਾ ਹੋ ਕੇ ਗੁਰੂ ਵਲ ਧਿਆਨ ਅਥਵਾ 'ਮੁਖ' ਕਰਦਾ ਹੈ। ਐਸੇ 'ਉਨਮਨ' ਅਥਵਾ 'ਗੁਰਮੁਖ ਮਨ' ਉਤੇ—

ਮਾਇਆ ਦੇ ਭਰਮ ਦਾ ਅਸਰ ਘਟਦਾ ਜਾਂਦਾ ਹੈ।
ਮਾਇਆ ਦਾ 'ਭਰਮ-ਗੜ੍ਹ' ਟੁਟਦਾ ਜਾਂਦਾ ਹੈ।
ਮਨ ਇਕਾਗਰ ਹੁੰਦਾ ਜਾਂਦਾ ਹੈ।
ਮਨ ਵਿਚ ਆਤਮਿਕ ਖਿੱਚ ਅਥਵਾ 'ਭੁਖ' ਪੈਦਾ ਹੁੰਦੀ ਹੈ।
ਇਕਾਗਰ ਹੋਇਆ ਮਨ ਸਿਮਰਨ ਵਿਚ ਜੁੜਦਾ ਹੈ।
ਸਿਮਰਨ ਦ੍ਰਿੜ ਹੁੰਦਾ ਜਾਂਦਾ ਹੈ।
ਸਤਿਗੁਰੂ ਨਾਲ ਪਿਆਰ ਦੀ ਡੋਰੀ ਪੈ ਜਾਂਦੀ ਹੈ।
ਇਸ ਪ੍ਰੀਤ-ਡੋਰੀ ਦੀ ਖਿੱਚ ਵਧਦੀ ਜਾਂਦੀ ਹੈ।
ਅਨਹਦ ਧੁਨੀ ਸੁਣਾਈ ਦਿੰਦੀ ਹੈ।
ਅਨਹਦ ਧੁਨੀ ਅਥਵਾ 'ਚੁਪ-ਪ੍ਰੀਤ' ਵਿਚ ਮਨ 'ਅਲਮਸਤ ਮਤਵਾਰਾ' ਹੋ ਜਾਂਦਾ ਹੈ।
ਆਤਮ-ਪ੍ਰਕਾਸ਼ ਵਿਚ ਵਾਸਾ ਹੁੰਦਾ ਹੈ।

ਪ੍ਰੇਮ ਕੇ ਸਰ ਲਾਗੇ ਤਨ ਭੀਤਰਿ ਤਾ ਭ੍ਰਮੁ ਕਾਟਿਆ ਜਾਈ॥ (ਪੰਨਾ-607)

ਸਾਧਸੰਗਿ ਭੈ ਭਰਮ ਮਿਟਾਇਆ॥ (ਪੰਨਾ-193)

ਸਾਧ ਕੈ ਸੰਗਿ ਨ ਕਤਹੂੰ ਧਾਵੈ॥
ਸਾਧਸੰਗਿ ਅਸਥਿਤਿ ਮਨੁ ਪਾਵੈ॥ (ਪੰਨਾ-271)

ਅਗਿਆਨੁ ਅਧੇਰਾ ਸੰਤੀ ਕਾਟਿਆ ਜੀਅ ਦਾਨੁ ਗੁਰ ਦੈਣੀ॥ (ਪੰਨਾ-530)

ਗੋਬਿੰਦ ਗੋਬਿੰਦ ਗੋਬਿੰਦ ਮਈ॥
ਜਬ ਤੇ ਭੇਟੇ ਸਾਧ ਦਇਆਰਾ ਤਬ ਤੇ ਦੁਰਮਤਿ ਦੂਰਿ ਭਈ॥ (ਪੰਨਾ-822)

ਸੰਤਸੰਗ ਜਿਹ ਰਿਦ ਬਸਿਓ ਨਾਨਕ ਤੇ ਨ ਭ੍ਰਮੇ॥ (ਪੰਨਾ-258)

ਇਸ ਅਮੋਲਕ-ਅਸਚਰਜ-ਆਤਮਿਕ ਪ੍ਰਕਾਸ਼ ਦੀ ਉਚਮ-ਊਚੀ, ਸੂਚਮ-ਸੂਚੀ 'ਗੁਰਮੁਖ ਅਵਸਥਾ' ਨੂੰ ਗੁਰਬਾਣੀ ਵਿਚ ਇਉਂ ਦਰਸਾਇਆ ਹੈ—

ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥
ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥ (ਪੰਨਾ-1002)

ਅਪੁਸਟ ਬਾਤ ਤੇ ਭਈ ਸੀਧਰੀ ਦੂਤ ਦੁਸਟ ਸਜਨਈ ॥
ਅੰਧਕਾਰ ਮਹਿ ਰਤਨੁ ਪ੍ਰਗਾਸਿਓ ਮਲੀਨ ਬੁਧਿ ਹਛਨਈ ॥ (ਪੰਨਾ-402)

ਹਉਮੈ ਦੀ ਭਰਮ-ਮਈ ਅਗਿਆਨਤਾ ਦੇ 'ਭਰਮ-ਗੜ੍ਹ' ਵਿਚੋਂ ਨਿਕਲ ਕੇ, 'ਮਨ' ਦਾ ਅਨੁਭਵੀ ਆਤਮਿਕ-ਪ੍ਰਕਾਸ਼-ਮੰਡਲ ਵਿਚ ਪ੍ਰਵੇਸ਼ ਹੋਣਾ—

ਅਲੌਕਿਕ ਮਾਨਸਿਕ ਤਬਦੀਲੀ ਹੈ
ਆਤਮਿਕ ਕਰਾਮਾਤ ਹੈ
ਇਲਾਹੀ ਕੌਤਕ ਹੈ
ਇਲਾਹੀ ਚੋਜ ਵਿਡਾਣੀ ਹੈ
ਅਸਚਰਜ ਕ੍ਰਿਸ਼ਮਾ ਹੈ
ਗੁਪਤ ਪ੍ਰਿਮ ਖੇਲ ਹੈ
ਆਤਮਿਕ ਲੇਵਾ ਦੇਵੀ ਹੈ
ਗੁੱਝਾ ਵਣਜ-ਵਪਾਰ ਹੈ
'ਅਜਬ ਵਖਰ' ਹੈ।

ਇਹ ਅਮੋਲਕ ਅਤੇ ਅਸਚਰਜ ਆਤਮਿਕ 'ਦਾਤ' ਸਤਿਗੁਰੂ ਦੇ ਦਰੋਂ-ਘਰੋਂ—

ਮਿਹਰ ਹੈ
ਰਹਿਮਤ ਹੈ
ਬਖਸ਼ਿਸ਼ ਹੈ
'ਨਦਰਿ ਕਰਮੁ' ਹੈ

ਜੋ ਸਾਧ ਸੰਗਤ ਵਿਚ ਗੁਰਪ੍ਰਸਾਦਿ ਦੁਆਰਾ ਵੰਡੀ ਜਾਂਦੀ ਹੈ।

ਇਹ ਆਤਮਿਕ-ਮੰਜ਼ਿਲ ਦੀ ਬਿਸਮਾਦੀ, ਅਸਚਰਜ, 'ਚੋਜ ਵਿਡਾਣੀ', ਇਲਾਹੀ ਕੌਤਕ, ਸਾਡੀ ਮਾਇਕੀ ਸੀਮਤ ਬੁੱਧੀ ਦੀ ਸਮਝ ਅਤੇ 'ਪਕੜ' ਤੋਂ ਪਰੇ ਹੈ। ਇਸ ਇਲਾਹੀ 'ਪ੍ਰਿਮ-ਖੇਲ' ਨੂੰ ਸਿਰਫ਼ 'ਅਨੁਭਵ' ਦੁਆਰਾ ਹੀ ਪਹਿਚਾਨਿਆ ਅਤੇ ਮਾਣਿਆ ਜਾ ਸਕਦਾ ਹੈ।

ਆਤਮਿਕ ਮੰਡਲ ਦੀ ਇਸ ਅਸਚਰਜ 'ਪ੍ਰਿਮ-ਖੇਲ' ਨੂੰ ਭਰਮ-ਮਈ ਮਾਨਸਿਕ ਸੀਮਤ ਬੁੱਧੀ ਨਾਲ ਸਮਝਣ ਦੀ ਕੋਸ਼ਿਸ਼ ਕਰਨੀ ਹੀ ਸਾਡਾ ਦੀਰਘ ਮਾਨਸਿਕ ਭਰਮ-ਭੁਲਾਵਾ ਹੈ।

ਗਿਆਨੁ ਧਿਆਨੁ ਸਭੁ ਕੋਈ ਰਵੈ ॥
ਬਾਂਧਨਿ ਬਾਂਧਿਆ ਸਭੁ ਜਗੁ ਭਵੈ ॥ (ਪੰਨਾ-728)

ਕਥਨੀ ਕਹਿ ਭਰਮੁ ਨ ਜਾਈ ॥
ਸਭ ਕਥਿ ਕਥਿ ਰਹੀ ਲੁਕਾਈ ॥ (ਪੰਨਾ-655)

ਗਿਆਨੁ ਗਿਆਨੁ ਕਥੈ ਸਭੁ ਕੋਈ ॥
ਕਥਿ ਕਥਿ ਬਾਦੁ ਕਰੇ ਦੁਖੁ ਹੋਈ ॥ (ਪੰਨਾ-831)

ਨਾਮ ਬਿਨਾ ਕਿਆ ਗਿਆਨ ਧਿਆਨੁ ॥ (ਪੰਨਾ-905)

ਗੁਰਬਾਣੀ ਨੇ ਇਹ ਫੈਸਲਾ ਕਰ ਦਿਤਾ ਹੈ ਕਿ ਅੰਤ੍ਰ-ਆਤਮੇ 'ਨਾਮ ਦੇ ਪ੍ਰਕਾਸ਼' ਦੁਆਰਾ 'ਆਪਾ ਚੀਨੇ' ਬਗੈਰ, ਸਾਡਾ ਮਾਨਸਿਕ ਮਾਇਕੀ 'ਭਰਮ' ਕਦਾਚਿਤ ਮਿਟ ਨਹੀਂ ਸਕਦਾ।

ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥ (ਪੰਨਾ-684)

ਨਾਨਕ ਸਚੇ ਨਾਮ ਵਿਹੂਣੀ ਭੁਲਿ ਭੁਲਿ ਪਛੋਤਾਣੀ॥ (ਪੰਨਾ-1111)

ਭਰਮੁ ਭੇਦੁ ਭਉ ਕਬਹੁ ਨ ਛੂਟਸਿ ਆਵਤ ਜਾਤ ਨ ਜਾਨੀ ॥
ਬਿਨੁ ਹਰਿ ਨਾਮ ਕੋ ਮੁਕਤਿ ਨ ਪਾਵਸਿ ਡੂਬਿ ਮੁਏ ਬਿਨੁ ਪਾਨੀ ॥ (ਪੰ.-1127)

ਆਤਮਿਕ-ਪ੍ਰਕਾਸ਼ ਅਥਵਾ ਨਾਮ ਦੇ ਪ੍ਰਜਵਲਿਤ ਹੋਣ ਤੇ 'ਦੂਜੇ-ਭਾਉ' ਦਾ 'ਭਰਮ', ਛਾਂਈ ਮਾਂਈ ਹੋ ਕੇ, ਅਕਾਲ ਪੁਰਖ ਦੀ ਇਕੋ ਇਕ ਪ੍ਰਕਾਸ਼-ਰੂਪੀ 'ਜੋਤ' ਸਰਬ-ਰਹੀ ਭਰਪੂਰ ਅਨੁਭਵ ਦੁਆਰਾ ਮਹਿਸੂਸ ਹੋਵੇਗੀ।

ਅੰਧਕਾਰੁ ਮਿਟਿਓ ਤਿਹ ਤਨ ਤੇ ਗੁਰਿ ਸਬਦਿ ਦੀਪਕੁ ਪਰਗਾਸਾ ॥
ਭ੍ਰਮ ਕੀ ਜਾਲੀ ਤਾ ਕੀ ਕਾਟੀ ਜਾ ਕਉ ਸਾਧਸੰਗਤਿ ਬਿਸ੍ਵਾਸਾ ॥ (ਪੰ.-208)

ਕਰਮੀ ਸਤਿਗੁਰੁ ਭੇਟੀਐ ਤਾ ਸਚਿ ਨਾਮਿ ਲਿਵ ਲਾਗੈ ॥
ਨਾਨਕ ਸਹਜੇ ਸੁਖੁ ਹੋਇ ਅੰਦਰਹੁ ਭ੍ਰਮੁ ਭਉ ਭਾਗੈ ॥ (ਪੰਨਾ-851)

ਨਾਨਕ ਗੁਰਮੁਖਿ ਗਿਆਨੁ ਪ੍ਰਗਾਸਿਆ
ਤਿਮਰ ਅਗਿਆਨੁ ਅੰਧੇਰੁ ਚੁਕਾਇਆ ॥ (ਪੰਨਾ-852)

ਜਿਹ ਮੰਦਰਿ ਦੀਪਕੁ ਪਰਗਾਸਿਆ ਅੰਧਕਾਰੁ ਤਹ ਨਾਸਾ ॥
ਨਿਰਭਉ ਪੂਰਿ ਰਹੇ ਭ੍ਰਮੁ ਭਾਗਾ ਕਹਿ ਕਬੀਰ ਜਨ ਦਾਸਾ ॥ (ਪੰਨਾ-1123)

ਇਹ 'ਨਾਮ' ਅਥਵਾ 'ਆਤਮਿਕ ਪ੍ਰਕਾਸ਼' ਸਾਡੇ 'ਅੰਤ੍ਰ-ਆਤਮੇ' ਹੀ ਪ੍ਰਜ੍ਵਲਿਤ ਹੋਣਾ

ਹੈ। ਇਸ ਨੂੰ 'ਬਾਹਰ ਢੂੰਢਣਾ' ਸਾਡਾ ਮਾਨਸਿਕ ਭਰਮ-ਭੁਲੇਖਾ ਹੈ।

ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥
ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥ (ਪੰਨਾ-102)

ਮਨ ਮੇਰਿਆ ਅੰਤਰਿ ਤੇਰੈ ਨਿਧਾਨੁ ਹੈ
ਬਾਹਰਿ ਵਸਤੁ ਨ ਭਾਲਿ॥ (ਪੰਨਾ-569)

ਪਰ ਸਾਡੀ ਧਾਰਮਿਕ ਕਰਮ-ਕ੍ਰਿਆ ਅਤੇ ਪਾਠ-ਪੂਜਾ ਆਦਿ ਸਾਰੇ ਧਾਰਮਿਕ ਸਾਧਨ, ਬਾਹਰਮੁਖੀ ਬਿਰਤੀ ਨਾਲ ਹੀ ਕੀਤੇ ਜਾਂਦੇ ਹਨ। ਇਨ੍ਹਾਂ ਬਾਹਰਮੁਖੀ ਸਾਧਨਾਂ ਨੂੰ ਹੀ ਆਤਮਿਕ ਮੰਜ਼ਿਲ ਸਮਝਣਾ ਸਾਡੀ ਮਾਨਸਿਕ ਅਗਿਆਨਤਾ ਦਾ ਭਰਮ-ਭੁਲੇਖਾ ਹੈ।

ਪ੍ਰੰਤੂ ਸਾਨੂੰ ਅੰਤ੍ਰ-ਆਤਮੇ ਇਲਾਹੀ 'ਨਾਮ-ਖਜ਼ਾਨੇ' ਦੀ ਸੋਝੀ ਹੀ ਨਹੀਂ, ਇਸ ਲਈ ਉਦਮ ਜਾਂ ਪੁਰਸ਼ਾਰਥ ਤਾਂ ਕੀ ਕਰਨਾ ਸੀ !

ਇਸ ਅਮੋਲਕ ਆਤਮਿਕ 'ਖਜਾਨੇ' ਦੀ ਸੋਝੀ ਅਥਵਾ 'ਤਤ-ਗਿਆਨ' ਕਿਸੇ ਬਖਸ਼ੇ ਹੋਏ ਵਿਰਲੇ ਗੁਰਮੁਖ ਪਿਆਰੇ ਨੂੰ ਹੀ ਗੁਰਪ੍ਰਸਾਦਿ ਦੁਆਰਾ ਹੀ ਅਨੁਭਵ ਹੁੰਦੀ ਹੈ।

ਇਹ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ ॥ (ਪੰਨਾ-558)

(ਸਮਾਪਤ)